بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ
لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਸ਼ੁਕਰ ਗੁਜ਼ਾਰੀ ਦੇ ਹਵਾਲੇ ਨਾਲ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਦਾ ਅਮਲੀ ਨਮੂਨਾ।

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 21 ਅਗਸਤ 2026 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشۡهَدُ أَنۡ لَّآ إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ ۞ أَمَّا بَعۡدُ فَأَعُوۡذُ بِاللّٰهِ مِنَ الشَّيۡطٰنِ الرَّجِيۡمِ ۞ بِسۡمِ اللّٰهِ الرَّحۡمٰنِ الرَّحِيۡمِ ۞ اَلۡحَمۡدُ لِلّٰهِ رَبِّ الۡعٰلَمِيۡنَ ۞ اَلرَّحۡمٰنِ الرَّحِيۡمِ ۞ مٰلِكِ يَوۡمِ الدِّيۡنِ ۞ إِيَّاكَ نَعۡبُدُ وَإِيَّاكَ نَسۡتَعِيۡنُ ۞ اِهۡدِنَا الصِّرَاطَ الۡمُسۡتَقِيۡمَ ۞ صِرَاطَ الَّذِيۡنَ أَنۡعَمۡتَ عَلَيۡهِمۡ ۙ۬ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਆਪਣੇ ਅਸਹਾਬ ਨੂੰ ਅੱਲਾਹ ਤਆਲਾ ਦੀਆਂ ਨਿਅਮਤਾਂ 'ਤੇ ਸ਼ੁਕਰ ਗੁਜ਼ਾਰੀ ਦੇ ਵੱਲ ਨਿਹਾਇਤ ਗਹਿਰਾਈ ਨਾਲ ਤਵੱਜੋ ਦਵਾਉਂਦੇ ਸਨ।

ਹਜ਼ਰਤ ਪੀਰ ਸਿਰਾਜੁਲ ਹਕ਼ ਨੋਮਾਨੀ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਇੱਕ ਮੌਕ਼ੇ 'ਤੇ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਨੇ ਉਨ੍ਹਾਂ ਕੋਲੋਂ ਮੀਆਂ ਬਖ਼ਸ਼ ਸੁਦਾਈ ਦੇ ਨਾਲ ਹੋਣ ਵਾਲੇ ਝਗੜੇ ਦਾ ਹਾਲ ਪੁੱਛਿਆ। ਆਪ ﷺ ਨੇ ਸਮਝਾਇਆ ਕਿ ਸੁਦਾਈ ਅਤੇ ਪਾਗਲ ਉੱਤੋਂ ਕਲਮ ਉੱਠ ਚੁੱਕੀ ਹੁੰਦੀ ਹੈ {ਮਰ੍ਫ਼ੂਉਲ੍ ਕ਼ਲਮ (مَرۡفُوۡعُ الۡقَلَمۡ) ਹੁੰਦੇ ਹਨ}। ਇਸ ਲਈ ਅਜਿਹੇ ਸ਼ਖ਼ਸ ਨਾਲ ਬਹਿਸ ਅਤੇ ਤਕਰਾਰ ਕਰਨ ਦੀ ਬਜਾਏ ਚੰਗਾ ਸਲੂਕ ਕਰਨਾ ਚਾਹੀਦਾ ਹੈ। ਦੁਨੀਆ ਅਜਿਹੇ ਲੋਕਾਂ ਨੂੰ **ਮਜਜ਼ੂਬ**, **ਵਲਿਯੁੱਲਾਹ** ਅਤੇ **ਕ਼ੁਤਬ** ਸਾਹਿਬ ਕਹਿੰਦੀ ਹੈ ਜੋ ਕਿ ਗ਼ਲਤ ਕਹਿੰਦੀ ਹੈ ਲੇਕਿਨ ਹਕ਼ੀਕ਼ਤ ਵਿੱਚ ਇਹ ਲੋਕ ਬਹੁਤ ਸਾਰੀਆਂ ਨਿਅਮਤਾਂ ਤੋਂ ਵਾਂਝੇ ਹੁੰਦੇ ਹਨ। ਉਹ ਅਕ਼ਲ, ਜ਼ਿਹਨ, ਲਿਬਾਸ, ਖਾਣ ਪੀਣ ਦੀ ਲੱਜ਼ਤ, ਬੀਵੀ ਬੱਚਿਆਂ ਅਤੇ ਉਨ੍ਹਾਂ ਦੀ ਪਰਵਰਿਸ਼ ਦੀਆਂ ਨਿਅਮਤਾਂ, ਅੱਲਾਹ ਤਆਲਾ ਦੀ ਸ਼ਨਾਖ਼ਤ ਅਤੇ ਮਅਰਿਫ਼ਤ, ਜ਼ਾਤ ਅਤੇ ਸਿਫ਼ਤਾਂ ਦੇ ਇਲਮ, ਰਸੂਲ ਅਤੇ ਨਬੀ ਦੀ ਸ਼ਾਨ ਅਤੇ ਪੈਰਵੀ ਅਤੇ ਕ਼ੁਰਆਨ ਸ਼ਰੀਫ਼ ਦੀ ਤਿਲਾਵਤ, ਉਸ ਦੇ ਮਾਇਨੇ ਅਤੇ ਰਾਜ਼ ਅਤੇ ਗਿਆਨ ਅਤੇ ਨੁਕਤਿਆਂ ਅਤੇ ਸ਼ਰੀਅਤ ਅਤੇ ਸੁੰਨਤ ਅਤੇ ਨਮਾਜ਼ ਅਤੇ ਰੋਜ਼ਾ ਅਤੇ ਹੱਜ ਅਤੇ ਜ਼ਕਾਤ ਦੇ ਦੁਆਰਾ ਸਵਾਬ ਹਾਸਿਲ ਕਰਨ ਅਤੇ ਦਰਜਿਆਂ ਤੋਂ ਵਾਂਝੇ ਹੁੰਦੇ ਹਨ।

ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਨੇ ਫ਼ਰਮਾਇਆ ਕਿ ਅਜਿਹੇ ਲੋਕਾਂ ਨੂੰ ਦੇਖ ਕੇ ਬਹਿਸ ਕਰਨ ਦੀ ਬਜਾਏ ਅੱਲਾਹ ਤਆਲਾ ਦਾ **ਸ਼ੁਕਰ** ਅਦਾ ਕਰਨਾ ਚਾਹੀਦਾ ਹੈ ਕਿ ਉਸ ਨੇ ਸਾਨੂੰ ਇਨ੍ਹਾਂ ਨਿਅਮਤਾਂ ਤੋਂ ਵਾਂਝੇ ਨਹੀਂ ਕੀਤਾ। ਸਾਨੂੰ ਅਕ਼ਲ ਅਤੇ ਜ਼ਿਹਨ ਅਤਾ ਕੀਤਾ, ਕ਼ੁਰਆਨ ਸ਼ਰੀਫ਼ ਦੀ ਤਲਾਵਤ ਅਤੇ ਉਸ ਦੇ ਗਿਆਨ ਅਤੇ ਰਾਜ਼ ਅਤੇ ਮਅਰਿਫ਼ਤ ਅਤੇ ਨੁਕਤੇ ਅਤਾ ਕੀਤੇ। ਹਲਾਲ ਅਤੇ ਹਰਾਮ ਦਾ ਫ਼ਰਕ਼ ਕਰਨ ਦੀ ਸਲਾਹੀਅਤ ਦਿੱਤੀ, ਰਸੂਲਾਂ ਦੀ ਸ਼ਨਾਖ਼ਤ ਦੀ ਤੌਫ਼ੀਕ਼ ਦਿੱਤੀ ਅਤੇ ਆਪਣੀ ਜ਼ਾਤ ਅਤੇ ਸਿਫ਼ਤਾਂ ਦਾ ਇਲਮ ਅਤਾ ਕੀਤਾ। ਬਸ! ਹਰ ਅਹਮਦੀ ਨੂੰ **ਜਾਇਜ਼ਾ** ਲੈਣਾ ਚਾਹੀਦਾ ਹੈ ਕਿ ਉਹ ਅੱਲਾਹ ਤਆਲਾ ਦੀ ਸ਼ੁਕਰ ਗੁਜ਼ਾਰੀ ਦਾ ਹੱਕ਼ ਕਿਸ ਹੱਦ ਤੱਕ ਅਦਾ ਕਰ ਰਿਹਾ ਹੈ।

ਇਸੇ ਸ਼ੁਕਰ ਗੁਜ਼ਾਰੀ ਦਾ ਇੱਕ ਨਿਹਾਇਤ ਅਸਰ ਅੰਦਾਜ਼ ਵਾਕ਼ਿਆ ਹਜ਼ਰਤ ਮਲਿਕ ਮੁਹੱਮਦ ਹਸਨ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ। ਹਜ਼ੂਰ ਫ਼ਜਰ ਦੀ ਨਮਾਜ਼ ਦੇ ਲਈ ਤਸ਼ਰੀਫ਼ ਲਿਆਏ ਤਾਂ ਨਮਾਜ਼ ਦੇ ਬਾਅਦ ਖ਼ੁੱਦਾਮ ਕੋਲੋਂ ਪੁੱਛਿਆ ਕਿ ਸਾਰੀ ਰਾਤ **ਸਾਰੰਗੀਆਂ** ਅਤੇ **ਤੰਬੂਰ** ਕਿੱਥੇ ਵੱਜਦੇ ਰਹੇ ਹਨ। ਦੱਸਿਆ ਗਿਆ ਕਿ ਮਿਰਜ਼ਾ ਨਿਜ਼ਾਮੁੱਦੀਨ ਸਾਹਿਬ ਨੇ **ਕੰਜਰੀ** ਨੂੰ ਬੁਲਾਇਆ ਹੋਇਆ ਸੀ ਅਤੇ 20 ਰੁਪਏ ਰਾਤ ਦਾ ਵਾਅਦਾ ਕੀਤਾ ਸੀ ਇਸ ਲਈ ਉਹ ਸਾਰੀ ਰਾਤ ਨੱਚਦੀ ਅਤੇ ਗਾਉਂਦੀ ਰਹੀ। ਹਜ਼ੂਰ ਪੁਰ-ਨੂਰ ﷺ ਨੇ ਲੰਮੀ ਆਹ ਭਰ ਕੇ ਫ਼ਰਮਾਇਆ, ਅੱਲਾਹ! ਇਹ

ਕਿਸ ਕ਼ਦਰ ਨਮਕ ਹਲਾਲ ਹੈ। ਯਾਨੀ ਉਹ ਔਰਤ 20 ਰੁਪਏ ਦੇ ਬਦਲੇ ਸਾਰੀ ਰਾਤ ਜਾਗਦੀ ਰਹੀ ਜਦਕਿ ਅਸੀਂ ਆਪਣੇ ਹਕ਼ੀਕ਼ੀ **ਖ਼ਾਲਿਕ਼** ਅਤੇ **ਮਾਲਿਕ** ਦੇ ਲਈ ਇੱਕ ਦੋ ਘੰਟੇ ਵੀ ਨਹੀਂ ਜਾਗ ਸਕਦੇ ਜਿਸ ਨੇ ਸਾਨੂੰ ਬੇ-ਸ਼ੁਮਾਰ ਨਿਅਮਤਾਂ ਤੋਂ ਫ਼ਾਇਦਾ ਪਹੁੰਚਾਇਆ ਹੈ। ਆਪ ﷺ ਨੇ ਇਹ ਗੱਲ ਕਈ ਵਾਰ ਦੁਹਰਾਈ ਅਤੇ ਫ਼ਰਮਾਇਆ ਕਿ ਅਸੀਂ ਅੱਲਾਹ ਤਆਲਾ ਦੀਆਂ ਬੇ-ਸ਼ੁਮਾਰ ਨਿਅਮਤਾਂ ਦਾ ਸ਼ੁਕਰ ਨਹੀਂ ਕਰਦੇ, ਨਫ਼ਲ ਅਤੇ ਨਮਾਜ਼ਾਂ ਵੱਲ ਤਵੱਜੋ ਨਹੀਂ ਦਿੰਦੇ ਅਤੇ ਫ਼ਜਰ ਦੀ ਨਮਾਜ਼ ਦੇ ਲਈ ਉੱਠਣਾ ਵੀ ਸਾਡੇ ਲਈ ਮੁਸ਼ਕਿਲ ਹੁੰਦਾ ਹੈ।

ਹਜ਼ੂਰ ਅਨਵਰ ਨੇ ਫ਼ਰਮਾਇਆ: ਬਸ ਹਰ ਅਹਮਦੀ ਨੂੰ ਇਸ ਹਵਾਲੇ ਨਾਲ਼ ਆਪਣਾ ਜਾਇਜ਼ਾ ਲੈਣਾ ਚਾਹੀਦਾ ਹੈ ਕਿ ਕਿਸ ਹੱਦ ਤੱਕ ਅੱਲਾਹ ਤਆਲਾ ਦੀ ਸ਼ੁਕਰ ਗੁਜ਼ਾਰੀ ਦਾ ਹਕ਼ ਅਦਾ ਕਰ ਰਿਹਾ ਹੈ।

ਹਜ਼ਰਤ ਸ਼ੇਖ਼ ਮੁਹੱਮਦ ਇਸਮਾਈਲ ਸਰਦਾਵੀ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਹਜ਼ੂਰ ﷺ ਦੀ ਆਦਤ ਸੀ ਕਿ ਖਾਣਾ ਖਾਂਦੇ ਵੇਲ਼ੇ **ਸੁਬਹਾਨੱਲਾਹ੍** ਅਤੇ **ਅਲ੍-ਹਮ੍ਦੁਲਿੱਲਾਹ੍** ਕਿਹਾ ਕਰਦੇ ਸਨ ਅਤੇ ਇਸ ਤਰ੍ਹਾਂ ਖਾਂਦੇ ਸਨ ਜਿਵੇਂ ਕਿਸੇ ਚੀਜ਼ ਦੀ ਤਲਾਸ਼ ਕਰ ਰਹੇ ਹੋਣ। ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਨੇ ਵੀ ਬਿਆਨ ਫ਼ਰਮਾਇਆ ਕਿ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਰੋਟੀ ਦਾ ਛੋਟਾ ਜਿਹਾ ਟੁਕੜਾ ਮੂੰਹ ਵਿੱਚ ਪਾ ਕੇ ਚੰਗੀ ਤਰ੍ਹਾਂ ਚਬਾਉਂਦੇ ਰਹਿੰਦੇ, ਵੱਡੀ ਬੁਰਕੀ ਨਾ ਲੈਂਦੇ ਅਤੇ ਨਾਲ਼ ਹੀ **ਸੁਬਹਾਨੱਲਾਹ੍ ਸੁਬਹਾਨੱਲਾਹ੍** ਕਹਿੰਦੇ ਜਾਂਦੇ। ਫਿਰ ਕੁੱਝ ਦੇਰ ਬਾਅਦ ਉਸ ਵਿੱਚੋਂ ਕੋਈ ਟੁਕੜਾ ਸਾਲਨ ਲਾ ਕੇ ਖਾਂਦੇ। ਇੰਝ ਖਾਣੇ ਵਰਗੀ ਮਾਮੂਲੀ ਨਜ਼ਰ ਆਉਣ ਵਾਲ਼ੀ ਨਿਅਮਤ ਵਿੱਚ ਵੀ ਅੱਲਾਹ ਤਆਲਾ ਦੀ ਸ਼ੁਕਰ ਗੁਜ਼ਾਰੀ ਉੱਘੀ ਸੀ।

ਹਜ਼ਰਤ ਸੱਯਦ ਜ਼ੈਨੁਲ ਆਬਿਦੀਨ ਵਲਿਯੁੱਲਾਹ ਸ਼ਾਹ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਜਦ ਇਲਾਕ਼ੇ ਜਾਂ ਸ਼ਹਿਰ ਵਿੱਚ ਪਲੇਗ ਫੈਲਦੀ ਤਾਂ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਆਪਣੇ ਘਰ, ਬੋਰਡਿੰਗ ਹਾਊਸ ਅਤੇ ਸਾਰੇ ਅਹਬਾਬ ਦੇ ਘਰਾਂ ਦੀ ਸਫ਼ਾਈ ਦਾ ਇੰਤਿਜ਼ਾਮ ਕਰਦੇ ਅਤੇ ਗੰਧਕ, ਅੱਗ ਅਤੇ ਫ਼ਿਨਾਇਲ ਵਗ਼ੈਰਾ ਨਾਲ਼ **ਕੀਟਾਣੂਆਂ** ਨੂੰ ਮਾਰਨ ਦੀ ਤਾਕੀਦ ਕਰਦੇ। ਆਪ ﷺ ਫ਼ਰਮਾਇਆ ਕਰਦੇ ਸਨ ਕਿ ਮਾਧਿਅਮ ਤੋਂ ਕੰਮ ਲੈਣਾ ਵੀ ਅੱਲਾਹ ਤਆਲਾ ਦੀ ਨਿਅਮਤ ਦਾ ਸ਼ੁਕਰ ਅਦਾ ਕਰਦਾ ਹੈ। ਅੱਲਾਹ ਤਆਲਾ ਨੇ ਅਜਿਹੀਆਂ ਚੀਜ਼ਾਂ ਪੈਦਾ ਕੀਤੀਆਂ ਹਨ ਜਿਹੜੀਆਂ ਬਿਮਾਰੀਆਂ ਅਤੇ ਵਬਾਵਾਂ ਦੇ ਅਸਰਾਂ ਨੂੰ ਦੂਰ ਕਰਨ ਦਾ ਜ਼ਰੀਆ ਬਣਦੀਆਂ ਹਨ। ਇਸ ਲਈ ਮਾਧਿਅਮ ਨੂੰ ਛੱਡਣਾ ਅੱਲਾਹ ਤਆਲਾ ਦੀ **ਸ਼ਰੀਅਤ** ਦੇ ਖ਼ਿਲਾਫ਼ ਹੈ। ਅਲਬੱਤਾ ਵਿਸ਼ਵਾਸ ਦਾ ਮੁਕ਼ਾਮ ਇਸਦੇ ਬਾਅਦ ਹੈ ਕਿ ਮਾਧਿਅਮ ਇਖ਼ਤਿਆਰ ਕਰਕੇ ਉਨ੍ਹਾਂ 'ਤੇ ਭਰੋਸਾ ਨਾ ਕੀਤਾ ਜਾਵੇ ਬਲਕਿ ਮਾਧਿਅਮ ਦੇ ਪਿੱਛੇ ਖ਼ੁਦਾ ਤਆਲਾ ਦੇ ਹੱਥ ਨੂੰ ਦੇਖਿਆ ਜਾਵੇ।

ਹਜ਼ਰਤ ਮੁਹੱਮਦ ਇਬਰਾਹੀਮ ਰਜ਼ਿ ਅੱਲਾਹੁ ਅਨਹੁ ਇੱਕ ਵਾਕ਼ਿਆ ਬਿਆਨ ਕਰਦੇ ਹਨ ਕਿ 1904 ਈ: ਵਿੱਚ **ਗੁਰਦਾਸਪੁਰ** ਵਿੱਚ ਕਰਮਦੀਨ ਦੇ ਮੁਕ਼ੱਦਮੇ ਦੇ ਸਿਲਸਿਲੇ ਵਿੱਚ ਕ਼ਿਆਮ ਦੇ ਦੌਰਾਨ ਇੱਕ ਦੋਸਤ ਤਾਜ਼ੀਆਂ ਪੱਕੀਆਂ ਹੋਈਆਂ ਖਜੂਰਾਂ ਲਿਆਇਆ। ਕਿਸੇ ਨੇ ਉਨ੍ਹਾਂ ਨੂੰ ਗਰਮ ਕ਼ਰਾਰ ਦਿੱਤਾ। ਦੱਸਿਆ ਗਿਆ ਕਿ **ਪਿਆਜ਼** ਖਾਣ ਨਾਲ਼ ਇਨ੍ਹਾਂ ਦਾ ਅਸਰ ਖ਼ਤਮ ਹੋ ਜਾਂਦਾ ਹੈ। ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਨੇ ਫ਼ਰਮਾਇਆ ਕਿ ਅੱਲਾਹ ਤਆਲਾ ਨੇ ਖ਼ੂਬ ਸਾਮਾਨ ਕੀਤਾ ਹੋਇਆ ਹੈ ਕਿ ਹਰ ਇੱਕ ਚੀਜ਼ ਦਾ ਸੁਧਾਰ ਵੀ ਮੌਜੂਦ ਹੈ। ਆਪ ﷺ ਨੇ **ਅੰਬ** ਅਤੇ **ਜਾਮਣ** ਅਤੇ **ਕੇਲੇ** ਅਤੇ ਕੱਚੇ **ਚੌਲ਼ਾਂ** ਦੀ ਮਿਸਾਲ ਬਿਆਨ ਕੀਤੀ ਅਤੇ ਉਸ ਦੇ ਬਾਅਦ ਇਨਸਾਨ ਦੇ ਲਈ ਅੱਲਾਹ ਤਆਲਾ ਦੇ ਰੂਹਾਨੀ ਅਤੇ ਜਿਸਮਾਨੀ ਉਚੇਰੇ ਪ੍ਰਬੰਧਾਂ ਦਾ ਜ਼ਿਕਰ ਕਰਦੇ ਹੋਏ ਫ਼ਰਮਾਇਆ ਕਿ ਇਨਸਾਨ ਉਨ੍ਹਾਂ ਦਾ ਸ਼ੁਕਰ ਵੀ ਅਦਾ ਨਹੀਂ ਕਰ ਸਕਦਾ।

ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਨੇ ਬਿਮਾਰੀ ਤੋਂ ਸ਼ਿਫ਼ਾ ਪਾਉਣ 'ਤੇ ਵੀ ਅੱਲਾਹ ਤਆਲਾ ਦਾ ਸ਼ੁਕਰ ਅਦਾ ਕੀਤਾ। **ਤਜ਼ਕਿਰਤੁਸ਼੍ ਸ਼ਹਾਦਤੈਨ੍** ਲਿਖਦੇ ਵੇਲ਼ੇ ਆਪ ﷺ ਨੂੰ ਸਖ਼ਤ ਗੁਰਦੇ ਦਾ ਦਰਦ ਪੈਦਾ ਹੋਇਆ ਅਤੇ ਆਪ ﷺ ਨੇ ਖ਼ਿਆਲ ਕੀਤਾ ਕਿ ਸ਼ਾਇਦ ਇਹ ਲਿਖਤ ਮੁਕੰਮਲ ਨਾ ਹੋ ਸਕੇ। ਰਾਤ ਨੂੰ ਆਪ ﷺ ਨੇ ਘਰ ਵਾਲ਼ਿਆਂ ਨੂੰ ਜਮ੍ਹਾ ਕਰਕੇ ਦੁਆ ਕੀਤੀ ਅਤੇ ਸਾਹਿਬਜ਼ਾਦਾ ਮੌਲਵੀ ਅਬਦੁਲ ਲਤੀਫ਼ ਰਜ਼ਿ ਅੱਲਾਹੁ ਅਨਹੁ ਦੇ **ਤਸੱਵੁਰ** ਨਾਲ਼ ਦੁਆ ਕੀਤੀ ਕਿ ਅੱਲਾਹ ਤਆਲਾ ਇਸ ਕਿਤਾਬ ਨੂੰ ਮੁਕੰਮਲ ਕਰਨ ਦੀ ਤੌਫ਼ੀਕ਼ ਦੇਵੇ। ਦੁਆ ਦੇ ਬਾਅਦ ਆਪ ﷺ 'ਤੇ ਊਂਘ ਤਾਰੀ ਹੋਈ

ਅਤੇ ਇਲਹਾਮ ਹੋਇਆ سَلٰمٌ قَوْلًا مِّنْ رَّبٍّ الرَّحِيْمِ ਸਲਾਮ ਕਿਹਾ ਜਾਵੇਗਾ ਰਹੀਮ ਰੱਬ ਵੱਲੋਂ। ਸਵੇਰੇ 6 ਵਜੇ ਤੋਂ ਪਹਿਲਾਂ ਆਪ عليه السلام ਬਿਲਕੁਲ ਤੰਦਰੁਸਤ ਹੋ ਗਏ ਅਤੇ ਉਸੇ ਦਿਨ ਤਕ਼ਰੀਬਨ ਅੱਧੀ ਕਿਤਾਬ ਲਿਖ ਲਈ।

ਹਜ਼ਰਤ ਅਕ਼ਦਸ ਮਸੀਹ ਮੌਊਦ ਅਲੈਹਿੱਸ੍ ਸਲਾਮ ਨੇ **ਬਰਾਹੀਨਿ ਅਹਮਦਿੱਯਾ** ਦੀ ਲਿਖਣ ਅਤੇ ਪ੍ਰਕਾਸ਼ਨ ਵਿੱਚ ਮਾਲੀ ਮਦਦ ਕਰਨ ਵਾਲਿਆਂ ਦੇ ਨਾਮ ਵੀ ਦਰਜ ਫ਼ਰਮਾਏ ਅਤੇ ਉਨ੍ਹਾਂ ਦੇ ਲਈ ਦੁਆ ਦੀ ਤਹਰੀਕ ਫ਼ਰਮਾਈ। ਇਨ੍ਹਾਂ ਮਦਦ ਕਰਨ ਵਾਲਿਆਂ ਵਿੱਚ ਅਜਿਹੇ ਲੋਕ ਵੀ ਸਨ ਜਿਨ੍ਹਾਂ ਨੇ ਪੰਜ ਰੁਪਏ, ਦੋ ਰੁਪਏ ਇੱਥੋਂ ਤੱਕ ਕਿ **ਦੋ ਆਨੇ** ਵੀ ਦਿੱਤੇ ਸਨ। ਆਪ عليه السلام ਨੇ ਉਨ੍ਹਾਂ ਸਾਰੇ ਮਦਦ ਕਰਨ ਵਾਲਿਆਂ ਦਾ ਸ਼ੁਕਰੀਆ ਅਦਾ ਕਰਦੇ ਹੋਏ ਫ਼ਰਮਾਇਆ ਕਿ ਇਨ੍ਹਾਂ ਦੀ ਕਰੀਮਾਨਾ ਤਵੱਜੋ ਨਾਲ਼ ਦੀਨੀ ਮਕ਼ਸਦ ਬਰਬਾਦ ਹੋਣ ਤੋਂ ਮਹਿਫ਼ੂਜ਼ ਰਹੇ ਅਤੇ ਮਿਹਨਤਾਂ ਬਰਬਾਦ ਹੋਣ ਤੋਂ ਬਚ ਗਈਆਂ। ਆਪ عليه السلام ਨੇ ਉਨ੍ਹਾਂ ਦੇ ਨਾਮ ਇਸ ਲਈ ਦਰਜ ਕੀਤੇ ਕਿ ਜਿਹੜੇ ਲੋਕ ਕਿਤਾਬ ਤੋਂ ਫ਼ਾਇਦਾ ਉਠਾਉਣ ਉਹ ਆਪ عليه السلام ਅਤੇ ਮਦਦ ਕਰਨ ਵਾਲਿਆਂ ਦੇ ਲਈ **ਖ਼ੈਰ** ਦੀ ਦੁਆ ਕਰਨ।

ਹਜ਼ਰਤ ਮੀਆਂ ਮਨਜ਼ੂਰ ਮੁਹੱਮਦ ਰਜ਼ਿ ਅੱਲਾਹੁ ਅਨਹੁ ਦਾ ਜ਼ਿਕਰ ਕਰਦੇ ਹੋਏ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਨੇ ਉਨ੍ਹਾਂ ਦੀ **ਕਾਪੀ ਨਵੀਸੀ** ਦੀ ਖ਼ਿਦਮਤ ਅਤੇ ਇਖ਼ਲਾਸ ਦਾ ਸ਼ੁਕਰੀਆ ਅਦਾ ਕੀਤਾ। ਆਪ عليه السلام ਨੇ ਬਿਆਨ ਕੀਤਾ ਕਿ ਉਹ ਦੁਨੀਆ ਦੇ ਲਈ ਨਹੀਂ ਬਲਕਿ ਮਹਿਜ਼ ਦੀਨ ਦੀ ਮੁਹੱਬਤ ਨਾਲ਼ ਕੰਮ ਕਰਦੇ ਹਨ ਅਤੇ ਆਪਣੀ ਜਾਨ ਤੋੜ ਕੇ ਖ਼ਿਦਮਤ ਅੰਜਾਮ ਦਿੰਦੇ ਹਨ। ਆਪ عليه السلام ਨੇ ਇਸ ਕ਼ਿਸਮ ਦੇ ਮੁਖ਼ਲਿਸ ਮਦਦ ਕਰਨ ਵਾਲਿਆਂ ਨੂੰ ਅੱਲਾਹ ਤਆਲਾ ਦੀ ਇਨਾਯਤ ਕ਼ਰਾਰ ਦਿੱਤਾ ਅਤੇ ਉਨ੍ਹਾਂ ਦੀਆਂ ਖ਼ਿਦਮਤਾਂ ਨੂੰ ਆਪਣੇ ਦੀਨੀ ਕੰਮਾਂ ਦੀ ਤਕਮੀਲ ਦੇ ਲਈ ਮਦਦ ਕਰਨ ਵਾਲ਼ਾ ਮਾਧਿਅਮ ਕ਼ਰਾਰ ਦਿੱਤਾ।

ਹਸਰਤ ਸ਼ੇਖ਼ ਯਅਕੂਬ ਅਲੀ ਇਰਫ਼ਾਨੀ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਖ਼ੁੱਦਾਮ ਦੇ ਛੋਟੇ ਛੋਟੇ ਕੰਮਾਂ ਦੀ ਵੀ ਕ਼ਦਰ ਕਰਦੇ ਅਤੇ ਉਨ੍ਹਾਂ ਦੀ ਦਿਲਜੋਈ ਕਰਦੇ ਸਨ। ਜਦ ਕੋਈ ਕਿਤਾਬ ਜਾਂ ਰਸਾਲਾ ਜਲਦੀ ਪ੍ਰਕਾਸ਼ਿਤ ਕਰਨਾ ਮਕ਼ਸਦ ਹੁੰਦਾ ਅਤੇ ਰਾਤਾਂ ਨੂੰ ਕੰਮ ਹੁੰਦਾ ਤਾਂ ਪ੍ਰੈਸ ਦੇ **ਕਾਰਿੰਦਿਆਂ** ਲਈ ਦੁੱਧ ਅਤੇ ਦੂਸਰੀਆਂ ਚੀਜ਼ਾਂ ਖ਼ਾਸ ਤਵੱਜੋ ਨਾਲ਼ ਮੁਹੱਈਆ ਕਰਦੇ। ਆਮ ਦਿਨਾਂ ਤੋਂ ਜ਼ਿਆਦਾ ਪੈਸੇ ਦਿੰਦੇ ਅਤੇ ਉਨ੍ਹਾਂ ਦੀ ਕਾਰਗੁਜ਼ਾਰੀ 'ਤੇ ਖ਼ੁਸ਼ੀ ਅਤੇ ਸ਼ੁਕਰੀਆ ਦਾ ਇਜ਼ਹਾਰ ਕਰਦੇ।

ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਫ਼ਰਮਾਉਂਦੇ ਹਨ ਕਿ ਨਬੀਆਂ ਦਾ ਦਿਲ ਬੜਾ ਸ਼ੁਕਰ ਗੁਜ਼ਾਰ ਹੁੰਦਾ ਹੈ। ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਦੀਆਂ ਕਿਤਾਬਾਂ ਜਦ ਦਿਨ ਰਾਤ ਛਪਦੀਆਂ ਸਨ ਤਾਂ ਆਪ عليه السلام ਕਈ ਕਈ ਰਾਤਾਂ ਨਹੀਂ ਸੌਂਦੇ ਸਨ ਪਰ ਜੇਕਰ ਰਾਤ ਨੂੰ ਕੋਈ ਸ਼ਖ਼ਸ ਪ੍ਰੂਫ਼ ਲੈ ਕੇ ਆਉਂਦਾ ਤਾਂ ਉਸ ਦੀ ਆਵਾਜ਼ 'ਤੇ ਖ਼ੁਦ ਉੱਠ ਕੇ ਪ੍ਰੂਫ਼ ਲੈਂਦੇ ਅਤੇ ਫ਼ਰਮਾਉਂਦੇ **ਜਜ਼ਾਕੱਲਾਹਿ ਅਹ੍-ਸਨਲ੍ ਜਜ਼ਾ** (جزاك الله احسن الجزاء) ਅਤੇ ਉਸ ਸ਼ਖ਼ਸ ਦੀ ਤਕਲੀਫ਼ ਨੂੰ ਮਹਿਸੂਸ ਕਰਦੇ ਅਤੇ ਫ਼ਰਮਾਉਂਦੇ ਕਿ ਖ਼ੁਦਾ ਉਸ ਨੂੰ **ਜਜ਼ਾਇ ਖ਼ੈਰ** ਦੇਵੇ। ਇਸ ਤੋਂ ਜ਼ਾਹਿਰ ਹੁੰਦਾ ਹੈ ਕਿ ਨਬੀਆਂ ਦੇ ਦਿਲ ਵਿੱਚ ਦੂਸਰਿਆਂ ਦੇ ਅਹਿਸਾਨ ਅਤੇ ਤਕਲੀਫ਼ ਦਾ ਬਹੁਤ ਅਹਿਸਾਸ ਹੁੰਦਾ ਹੈ।

ਹਜ਼ਰਤ ਹਾਫ਼ਿਜ਼ ਨਬੀ ਬਖ਼ਸ਼ ਰਜ਼ਿ ਅੱਲਾਹੁ ਅਨਹੁ ਦਾ ਬਿਆਨ ਹੈ ਕਿ ਇੱਕ ਵਾਰ ਹਜ਼ਰਤ ਮਸੀਹ ਮੌਊਦ ਬਾਗ਼ ਅਲੈਹਿੱਸ੍ ਸਲਾਮ ਵਿੱਚ ਸੈਰ ਕਰ ਰਹੇ ਸਨ। ਆਪ عليه السلام ਦੇ ਹੱਥ ਵਿੱਚ ਬੈਂਤ ਦਾ **ਸੋਟਾ** ਸੀ ਜਿਹੜਾ ਦਰਖ਼ਤ ਵਿੱਚ ਅੜ ਗਿਆ। ਕਈ ਅਸਹਾਬ ਉਸ ਨੂੰ ਕੱਢਣ ਦੀ ਕੋਸ਼ਿਸ਼ ਕਰਦੇ ਰਹੇ ਪਰ ਕਾਮਯਾਬ ਨਾ ਹੋਏ। ਹਜ਼ਰਤ ਹਾਫ਼ਿਜ਼ ਨਬੀ ਬਖ਼ਸ਼ ਰਜ਼ਿ ਅੱਲਾਹੁ ਅਨਹੁ ਨੇ ਦਰਖ਼ਤ 'ਤੇ ਚੜ੍ਹ ਕੇ ਸੋਟਾ ਉਤਾਰ ਲਿਆ। ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਇਸ 'ਤੇ ਬਹੁਤ ਖ਼ੁਸ਼ ਹੋਏ ਅਤੇ ਵਾਰ-ਵਾਰ ਉਨ੍ਹਾਂ ਦੀ ਤਾਰੀਫ਼ ਕਰਦੇ ਹੋਏ ਕਿਹਾ ਕਿ ਮੀਆਂ ਨਬੀ ਬਖ਼ਸ਼ ਨੇ ਕਮਾਲ ਕੀਤਾ ਕਿ ਦਰਖ਼ਤ 'ਤੇ ਚੜ੍ਹ ਕੇ ਫ਼ੌਰਨ ਸੋਟਾ ਲਾਹ ਲਿਆ। ਆਪ عليه السلام ਛੋਟੇ ਵੱਡੇ ਸਭ ਨੂੰ ਇੱਜ਼ਤ ਨਾਲ਼ ਮੁਖ਼ਾਤਿਬ ਕਰਦੇ ਸਨ।

ਡਾਕਟਰ ਮੀਰ ਮੁਹੱਮਦ ਇਸਮਾਈਲ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਹਜ਼ੂਰ عليه السلام ਦੇ ਲਈ ਜਦ ਕੋਈ ਸ਼ਖ਼ਸ ਤੋਹਫ਼ਾ ਲਿਆਉਂਦਾ ਤਾਂ ਆਪ عليه السلام ਬਹੁਤ ਸ਼ੁਕਰ ਗੁਜ਼ਾਰ ਹੁੰਦੇ ਅਤੇ ਘਰ ਵਿੱਚ ਵੀ ਉਸ ਸ਼ਖ਼ਸ ਦੇ **ਇਖ਼ਲਾਸ** ਦਾ ਜ਼ਿਕਰ ਕਰਦੇ। ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਰਜ਼ਿ ਅੱਲਾਹੁ ਅਨਹੁ ਨੇ ਇੱਕ ਹੋਰ ਵਾਕ਼ਿਆ ਬਿਆਨ ਕੀਤਾ ਕਿ ਡਾਕਟਰ ਖ਼ਲੀਫ਼ਾ ਰਸ਼ੀਦੁੱਦੀਨ ਰਜ਼ਿ ਅੱਲਾਹੁ ਅਨਹੁ ਆਗਰਾ ਤੋਂ ਕ਼ਾਦੀਆਂ ਆਉਂਦੇ ਤਾਂ ਹਜ਼ੂਰ عليه السلام ਦੇ ਲਈ **ਖ਼ੋਰਮੇ** (ਬਾਲੂ

ਸ਼ਾਹੀ ਦੀ ਤਰ੍ਹਾਂ ਦੀ ਇੱਕ ਮਿਠਾਈ) ਲਿਆਉਂਦੇ ਸਨ। ਇੱਕ ਵਾਰ ਹਜ਼ਰਤ ਮਸੀਹ ਮੌਊਦ ਰਜ਼ਿ ਅੱਲਾਹੁ ਅਨਹੁ ਨੇ ਸਵੇਰ ਤੋਂ ਖਾਣਾ ਨਹੀਂ ਖਾਧਾ ਸੀ। ਪਰ ਜਦ ਪਤਾ ਲੱਗਾ ਕਿ ਆਗਰਾ ਤੋਂ ਆਪ عليه السلام ਦੇ ਲਈ ਖ਼ੋਰਮੇ ਲਿਆਏ ਗਏ ਹਨ ਤਾਂ ਬਹੁਤ ਖ਼ੁਸ਼ ਹੋਏ। ਉਨ੍ਹਾਂ ਨੂੰ ਪਸੰਦ ਕੀਤਾ, ਤਾਰੀਫ਼ ਕੀਤੀ ਅਤੇ ਕੁੱਝ ਆਪਣੇ ਲਈ ਰੱਖਣ ਨੂੰ ਕਿਹਾ।

**ਗੁਰਦਾਸਪੁਰ** ਵਿੱਚ ਕਰਮਦੀਨ ਦੇ ਮੁਕ਼ੱਦਮੇ ਦੇ ਦੌਰਾਨ ਮਾਲੀ ਤੰਗੀ ਦੇ ਵੇਲੇ ਡਾਕਟਰ ਖ਼ਲੀਫ਼ਾ ਰਸ਼ੀਦੁੱਦੀਨ ਰਜ਼ਿ ਅੱਲਾਹੁ ਅਨਹੁ ਨੇ ਆਪਣੇ ਘਰ ਦਾ ਮੌਜੂਦ ਮਾਲ ਭੇਜ ਦਿੱਤਾ ਅਤੇ ਆਇੰਦਾ ਆਮਦਨੀ ਵੀ ਭੇਜਦੇ ਰਹੇ। ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਨੇ ਉਨ੍ਹਾਂ ਦੀ ਇਸ **ਕ਼ੁਰਬਾਨੀ** ਨੂੰ ਮਹਿਸੂਸ ਕਰਦੇ ਹੋਏ ਉਨ੍ਹਾਂ ਨੂੰ ਲਿਖਿਆ ਕਿ ਆਪ ਨੇ ਕ਼ੁਰਬਾਨੀ ਦੀ ਹੱਦ ਕਰ ਦਿੱਤੀ ਹੈ। ਹੁਣ ਚੰਦਾ ਦੇਣ ਦੀ ਲੋੜ ਨਹੀਂ। ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਫ਼ਰਮਾਉਂਦੇ ਹਨ ਕਿ ਪਹਿਲਾਂ ਉਹ **ਫ਼ਰਜ਼** ਦੇ ਤੌਰ 'ਤੇ ਚੰਦਾ ਦਿੰਦੇ ਸਨ ਅਤੇ ਬਾਅਦ ਵਿੱਚ **ਸ਼ੁਕਰੀਆ** ਦੇ ਤੌਰ 'ਤੇ ਵੀ ਦਿੰਦੇ ਰਹੇ।

ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਫ਼ਰਮਾਉਂਦੇ ਹਨ ਕਿ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਨੇ ਆਪਣੀ ਔਲਾਦ ਨੂੰ ਵਸਿੱਯਤ ਦੇ ਚੰਦੇ ਤੋਂ **ਅਲਹਿਦਾ** ਕ਼ਰਾਰ ਦਿੱਤਾ ਪਰ ਰਸੂਲ ਕਰੀਮ ﷺ ਦਾ ਇਰਸ਼ਾਦ ਯਾਦ ਆਇਆ أَفَلَا أَكُونُ عَبْدًا شَكُورًا؟ ਕਿ ਕੀ ਮੈਂ ਸ਼ੁਕਰ ਗੁਜ਼ਾਰ ਬੰਦਾ ਨਾ ਬਣਾਂ? ਚੁਨਾਂਚਿ ਮੈਂ ਸ਼ੁਕਰੀਆ ਦੇ ਤੌਰ 'ਤੇ ਚੰਦਾ ਦੇਣਾ ਸ਼ੁਰੂ ਕੀਤਾ ਅਤੇ ਮੇਰਾ ਚੰਦਾ ਵਸਿੱਯਤ ਕਰਨ ਵਾਲਿਆਂ ਤੋਂ ਜ਼ਿਆਦਾ ਹੋ ਗਿਆ। ਫਿਰ ਮੈਨੂੰ ਇਲਹਾਮ ਹੋਇਆ اِعْمَلُوْا آلَ دَاوُوْدَ شُكْرًا ਚੁਨਾਂਚਿ ਮੈਂ ਸ਼ੁਕਰ ਦੇ ਤੌਰ 'ਤੇ ਬਹੁਤ ਚੰਦਾ ਦਿੱਤਾ।

ਹਜ਼ੂਰ ਅਨਵਰ ਨੇ ਫ਼ਰਮਾਇਆ: ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਦੀ ਵਸਿੱਯਤ ਦੇ ਮੁਤਾਬਿਕ਼ ਇਹ ਛੁੱਟ ਸਿਰਫ਼ ਆਪ عليه السلام ਦੇ ਪੰਜ ਬੱਚਿਆਂ ਦੇ ਲਈ ਸੀ ਨਾ ਕਿ ਉਨ੍ਹਾਂ ਦੀ ਔਲਾਦ, ਬੇਟਿਆਂ ਦੀਆਂ ਬੀਵੀਆਂ ਜਾਂ ਬੇਟੀਆਂ ਦੇ ਸ਼ੌਹਰਾਂ ਦੇ ਲਈ। ਜੋ ਵੀ ਵਸਿੱਯਤ ਕਰੇਗਾ ਉਸ ਨੂੰ ਵਸਿੱਯਤ ਦਾ ਚੰਦਾ ਅਤੇ ਜਾਇਦਾਦ ਦਾ ਹਿੱਸਾ ਦੇਣਾ ਪਵੇਗਾ। **ਬਹਿਸ਼ਤੀ ਮਕ਼ਬਰਾ** ਵਿੱਚ ਦਫ਼ਨ ਹੋਣ ਦੀ ਇਜਾਜ਼ਤ ਵੀ ਇਨ੍ਹਾਂ ਪੰਜਾਂ ਬੱਚਿਆਂ ਦੇ ਲਈ ਸੀ ਫਿਰ ਵੀ ਹਜ਼ਰਤ ਅੱਮਾ ਜਾਨ ਅਤੇ ਆਪ عليه السلام ਦੀ ਔਲਾਦ ਨੇ ਬਹੁਤ ਕ਼ੁਰਬਾਨੀਆਂ ਕੀਤੀਆਂ। ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਦੇ ਬਾਅਦ ਕਿਸੇ ਖ਼ਲੀਫ਼ਾ ਜਾਂ ਖ਼ਾਨਦਾਨ ਦੇ ਸ਼ਖ਼ਸ ਨੂੰ ਛੁੱਟ ਨਹੀਂ ਸੀ। ਸਭ ਨੇ ਵਸਿੱਯਤ ਕੀਤੀ, ਚੰਦਾ ਦਿੱਤਾ ਅਤੇ ਦੂਜੀਆਂ ਤਹਰੀਕਾਂ ਵਿੱਚ ਵੀ ਆਪਣੀ ਤਾਕ਼ਤ ਦੇ ਮੁਤਾਬਿਕ਼ ਹਿੱਸਾ ਲਿਆ। ਇਹ ਸਿਰਫ਼ ਉਨ੍ਹਾਂ ਪੰਜਾਂ ਬੱਚਿਆਂ ਨੂੰ ਛੁੱਟ ਸੀ। ਇਹ ਸਪਸ਼ਟੀਕਰਨ ਮੈਂ ਇਸ ਲਈ ਕਰ ਰਿਹਾ ਹਾਂ ਕਿ ਕਈ ਜਗ੍ਹਾਵਾਂ ਤੋਂ ਮੈਨੂੰ ਇਹ ਸਵਾਲ ਪਹੁੰਚਿਆ ਸੀ।

ਹਜ਼ਰਤ ਮੀਆਂ ਸਦਰੁੱਦੀਨ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਇੱਕ ਵਾਰ ਹਜ਼ਰਤ ਅਕ਼ਦਸ ਮਸੀਹ ਮੌਊਦ ਅਲੈਹਿੱਸ੍ ਸਲਾਮ ਨੇ ਚਿਰਾਗ਼ ਚਪੜਾਸੀ ਨੂੰ ਇੱਕ ਪੈਸਾ ਦੇ ਕੇ **ਰੇਵੜੀਆਂ** ਮੰਗਵਾਈਆਂ। ਜਦ ਰੇਵੜੀਆਂ ਆਈਆਂ ਤਾਂ ਆਪ عليه السلام ਨੇ ਉਨ੍ਹਾਂ ਦੇ ਦੋ ਹਿੱਸੇ ਕੀਤੇ ਅਤੇ ਇੱਕ ਹਿੱਸਾ ਉਸ ਨੂੰ ਦੇਣ ਲੱਗੇ। ਉਸ ਨੇ ਲੈਣ ਤੋਂ **ਇਨਕਾਰ** ਕੀਤਾ ਤਾਂ ਆਪ عليه السلام ਨੇ ਫ਼ਰਮਾਇਆ ਕਿ **ਪੈਸਾ** ਮੇਰਾ ਸੀ ਪਰ **ਮਿਹਨਤ** ਤੇਰੀ ਹੈ, ਤੂੰ ਲੈ ਕੇ ਆਇਆ ਹੈਂ, ਇਸ ਲਈ ਅੱਧਾ ਤੇਰਾ ਹੈ। ਇਹ ਵੀ ਦੂਸਰਿਆਂ ਦੇ ਕੰਮ ਦੀ ਕ਼ਦਰਦਾਨੀ ਅਤੇ ਸ਼ੁਕਰ ਗੁਜ਼ਾਰੀ ਦਾ ਇੱਕ ਅੰਦਾਜ਼ ਸੀ।

ਇੱਕ ਮੌਕ਼ੇ 'ਤੇ ਬਟਾਲੇ ਵਿੱਚ ਦੋਸਤਾਂ ਨੇ **ਚਾਹ** ਦਾ ਇੰਤਿਜ਼ਾਮ ਕੀਤਾ। ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਨੇ ਚਾਹ ਪਿਆਉਣ ਵਾਲਿਆਂ ਬਾਰੇ ਪੁੱਛਿਆ ਅਤੇ ਉਨ੍ਹਾਂ ਦੀ ਖ਼ਿਦਮਤ ਦਾ ਸ਼ੁਕਰੀਆ ਅਦਾ ਕੀਤਾ। ਬਾਅਦ ਵਿੱਚ ਅਖ਼ਬਾਰ ਵਿੱਚ ਵੀ ਉਨ੍ਹਾਂ ਲੋਕਾਂ ਦੀ ਖ਼ਿਦਮਤ ਦਾ ਐਲਾਨ ਕਰਕੇ ਸ਼ੁਕਰੀਆ ਅਦਾ ਕੀਤਾ। ਇਸ ਤੋਂ ਪਤਾ ਲੱਗਦਾ ਹੈ ਕਿ ਆਪ عليه السلام ਕਿਸੇ ਦੀ ਛੋਟੀ ਤੋਂ ਛੋਟੀ ਖ਼ਿਦਮਤ ਨੂੰ ਵੀ ਨਜ਼ਰ ਅੰਦਾਜ਼ ਨਹੀਂ ਕਰਦੇ ਸਨ ਬਲਕਿ ਉਸ ਦੀ ਕ਼ਦਰ ਕਰਦੇ ਅਤੇ ਸ਼ੁਕਰੀਆ ਅਦਾ ਕਰਦੇ ਸਨ।

ਅੱਲਾਹ ਤਆਲਾ ਸਾਨੂੰ ਵੀ ਸ਼ੁਕਰ ਗੁਜ਼ਾਰੀ ਦੇ ਉੱਚੇ ਮਿਆਰ ਇਖ਼ਤਿਆਰ ਕਰਨ ਦੀ ਤੌਫ਼ੀਕ਼ ਅਤਾ ਫ਼ਰਮਾਵੇ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَرَسُوْلُهٗ ۞ عِبَادَ اللّٰهِ رَحِمَكُمُ اللّٰهُ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞